PUDA

# ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਿਟੀ, ਐਸ.ਏ.ਐਸ ਨਗਰ।

(ਤਾਲਮੇਲ ਸ਼ਾਖਾ)

ਅਨੁਲੱਗ-ੳ

ਸੇਵਾ ਵਿਖੇ

1. ਉਪ ਮੁੱਖ ਮੰਤਰੀ, ਪੰਜਾਬ-ਕਮ-ਮੰਤਰੀ ਇੰਚਾਰਜ,
   ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਵਿਭਾਗ,
   ਪੰਜਾਬ, ਚੰਡੀਗੜ੍ਹ ।
2. ਮੁੱਖ ਸਕੱਤਰ, ਪੰਜਾਬ ਸਰਕਾਰ,
   ਪੰਜਾਬ, ਚੰਡੀਗੜ੍ਹ।
3. ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
   ਵਿੱਤ ਵਿਭਾਗ, ਪੰਜਾਬ, ਚੰਡੀਗੜ੍ਹ।
4. ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
   ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ,
   ਪੰਜਾਬ, ਚੰਡੀਗੜ੍ਹ।
5. ਸਕੱਤਰ, ਪੰਜਾਬ ਸਰਕਾਰ,
   ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ੍ਹ।
6. ਮੁੱਖ ਪ੍ਰਸ਼ਾਸਕ,
   ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਿਟੀ,
   ਸਾਹਿਬਜ਼ਾਦਾ ਅਜੀਤ ਸਿੰਘ ਨਗਰ।
7. ਮੁੱਖ ਨਗਰ ਯੋਜਨਾਕਾਰ, ਪੰਜਾਬ,
   ਪੁੱਡਾ ਭਵਨ, ਸੈਕਟਰ-62, ਸਾਹਿਬਜ਼ਾਦਾ ਅਜੀਤ ਸਿੰਘ ਨਗਰ।

ਨੰ: ਪੁੱਡਾ-ਤਾਲਮੇਲ ਸਾਖਾ-ਸ-1/2015/ 28903-09 ਮਿਤੀ:- 21/12/15

ਵਿਸ਼ਾ:- ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਿਟੀ (ਪੁੱਡਾ) ਦੀ 53ਵੀਂ ਮੀਟਿੰਗ ਦੀ ਕਾਰਵਾਈ ਜਾਰੀ ਕਰਨ ਬਾਰੇ।

ਸ਼੍ਰੀਮਾਨ ਜੀ,

ਇਸ ਦਫਤਰ ਦੇ ਪਤੱਰ ਨੰ. ਪੁੱਡਾ-ਤਾਲਮੇਲ ਸਾਖਾ-ਸ-1/2015/28274-80 ਮਿਤੀ 8.12.15 ਦੀ ਲਗਾਤਾਰਤਾ ਵਿੱਚ ਸੂਚਿਤ ਕੀਤਾ ਜਾਂਦਾ ਹੈ ਕਿ ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਿਟੀ ਦੀ 53ਵੀਂ ਮੀਟਿੰਗ ਜੋ ਕਿ ਮਿਤੀ: 09.12.15 ਨੂੰ ਸ਼ਾਮ 4.30 ਵਜੇ ਮਾਨਯੋਗ ਮੁੱਖ ਮੰਤਰੀ, ਪੰਜਾਬ ਜੀ ਦੀ ਪ੍ਰਧਾਨਗੀ ਹੇਠ ਕਮੇਟੀ ਰੂਮ, ਪੰਜਾਬ ਭਵਨ, ਸੈਕਟਰ -3, ਚੰਡੀਗੜ੍ਹ ਵਿਖੇ ਹੋਈ ਸੀ, ਦੀ ਕਾਰਵਾਈ(ਪ੍ਰੋਸੀਡਿੰਗ) ਇਸ ਪੱਤਰ ਨਾਲ ਨੱਥੀ ਕਰਕੇ ਆਪ ਜੀ ਨੂੰ ਸੂਚਨਾ ਹਿੱਤ ਭੇਜੀ ਜਾਂਦੀ ਹੈ।

(ਸੁਨੀਲ ਸ਼ਰਮਾ)
ਪ੍ਰਬੰਧਕ ਅਫਸਰ(ਤਾਲਮੇਲ)

ਨੱਥੀ/ ਮੀਟਿੰਗ ਦੀ ਕਾਰਵਾਈ।

ਮਿਤੀ:- 21/12/15

ਪਿੱਠ ਅੰਕਣ ਨੰ: ਪੁੱਡਾ-ਤਾਲਮੇਲ ਸਾਖਾ-ਸ-1-2015/ 28910 ਨਿੱਜੀ ਸਕੱਤਰ/ਮੁੱਖ ਮੰਤਰੀ, ਪੰਜਾਬ ਨੂੰ ਉਪਰੋਕਤ ਦਾ ਉਤਾਰਾ ਸਮੇਤ ਮੀਟਿੰਗ ਦੀ ਕਾਰਵਾਈ ਮਾਨਯੋਗ ਮੁੱਖ ਮੰਤਰੀ, ਪੰਜਾਬ ਜੀ ਦੀ ਸੂਚਨਾ ਹਿੱਤ ਭੇਜਿਆ ਜਾਂਦਾ ਹੈ ਜੀ।

(ਸੁਨੀਲ ਸ਼ਰਮਾ)
ਪ੍ਰਬੰਧਕ ਅਫਸਰ(ਤਾਲਮੇਲ)

ਨੱਥੀ/ ਅਜੰਡੇ ਦੀ ਕਾਪੀ।

Scanned by TapScanner

ਮਾਨਯੋਗ ਮੁੱਖ ਮੰਤਰੀ, ਪੰਜਾਬ ਜੀ ਦੀ ਪ੍ਰਧਾਨਗੀ ਹੇਠ ਮਿਤੀ 09.12.2015 ਨੂੰ ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਿਟੀ (ਪੁੱਡਾ) ਦੀ ਹੋਈ 53ਵੀਂ ਮੀਟਿੰਗ ਦੀ ਕਾਰਵਾਈ ।

ਮੀਟਿੰਗ ਵਿੱਚ ਹੇਠ ਲਿਖੇ ਅਨੁਸਾਰ ਮੈਂਬਰਾਂ ਨੇ ਭਾਗ ਲਿਆ:-

| ਲੜੀ ਨੰ | ਅਧਿਕਾਰੀ ਦਾ ਨਾਮ ਅਤੇ ਅਹੁਦਾ | ਅਹੁਦਾ |
|---|---|---|
| 1. | ਸ੍ਰੀ ਸੁਖਬੀਰ ਸਿੰਘ ਬਾਦਲ,<br>ਉਪ ਮੁੱਖ ਮੰਤਰੀ, ਪੰਜਾਬ-ਕਮ- ਮੰਤਰੀ ਇੰਚਾਰਜ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ, ਪੰਜਾਬ, ਚੰਡੀਗੜ੍ਹ। | ਕੋ-ਚੇਅਰਮੈਨ |
| 2. | ਸ੍ਰੀ ਡੀ.ਪੀ. ਰੈਡੀ, ਆਈ.ਏ. ਐਸ.<br>ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਵਿੱਤ ਵਿਭਾਗ, ਪੰਜਾਬ, ਚੰਡੀਗੜ੍ਹ। | ਮੈਂਬਰ |
| 3. | ਸ੍ਰੀ ਵਿਸਵਾਜੀਤ ਖੰਨਾ, ਆਈ.ਏ.ਐਸ.<br>ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ, ਪੰਜਾਬ, ਚੰਡੀਗੜ੍ਹ। | ਵਾਈਸ ਚੇਅਰਮੈਨ |
| 4. | ਸ਼੍ਰੀ ਵਿਕਾਸ ਪ੍ਰਤਾਪ, ਆਈ.ਏ. ਐਸ.<br>ਸਕੱਤਰ, ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ੍ਹ। | ਮੈਂਬਰ |
| 5. | ਸ਼੍ਰੀ ਮਨਵੇਸ਼ ਸਿੰਘ ਸਿੱਧੂ, ਆਈ.ਏ.ਐਸ.<br>ਮੁੱਖ ਪ੍ਰਸ਼ਾਸਕ, ਪੁੱਡਾ, ਐਸ.ਏ.ਐਸ.ਨਗਰ । | ਮੈਂਬਰ |
| 6. | ਸ਼੍ਰੀ ਹਰਨੇਕ ਸਿੰਘ, ਮੁੱਖ ਨਗਰ ਯੋਜਨਾਕਾਰ,<br>ਨਗਰ ਤੇ ਗ੍ਰਾਮ ਯੋਜਨਾਬੰਦੀ ਵਿਭਾਗ , ਪੰਜਾਬ, ਐਸ.ਏ.ਐਸ.ਨਗਰ । | ਮੈਂਬਰ |

ਮੀਟਿੰਗ ਵਿੱਚ ਲੜੀਵਾਰ ਅਜੰਡਾ ਆਈਟਮਾਂ ਤੇ ਵਿਚਾਰ ਕੀਤਾ ਗਿਆ ਅਤੇ ਹੇਠ ਲਿਖੇ ਅਨੁਸਾਰ ਫੈਸਲਾ ਕੀਤਾ ਗਿਆ :-

ਚਲਦਾ ਪੰਨ੍ਹਾਂ.........



Scanned by TapScanner

## ਅਜੰਡਾ ਆਈਟਮ ਨੰ: 53.01

ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਿਟੀ (ਪੁੱਡਾ) ਦੀ ਮਿਤੀ 15.04.2015 ਨੂੰ ਹੋਈ 52ਵੀਂ ਮੀਟਿੰਗ ਦੀ ਕਾਰਵਾਈ ਦੀ ਪੁਸ਼ਟੀ ਕਰਨ ਬਾਰੇ।

ਅਥਾਰਿਟੀ ਵਲੋਂ ਕਾਰਵਾਈ ਦੀ ਪੁਸ਼ਟੀ ਕੀਤੀ ਗਈ ।

## ਅਜੰਡਾ ਆਈਟਮ ਨੰ: 53.02

ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਿਟੀ (ਪੁੱਡਾ) ਦੀ ਮਿਤੀ 15.04.2015 ਨੂੰ ਹੋਈ 52ਵੀਂ ਮੀਟਿੰਗ ਵਿੱਚ ਲਏ ਗਏ ਫੈਸਲਿਆਂ ਅਨੁਸਾਰ ਕੀਤੀ ਕਾਰਵਾਈ ਸਬੰਧੀ ਮੱਦਵਾਰ ਵਿਵਰਣ।

ਅਥਾਰਿਟੀ ਵਲੋਂ ਕੀਤੀ ਗਈ ਕਾਰਵਾਈ ਨੋਟ ਕੀਤੀ ਗਈ ਅਤੇ ਤਸੱਲੀ ਪ੍ਰਗਟਾਈ ਗਈ।

## ਅਜੰਡਾ ਆਈਟਮ ਨੰ: 53.03

ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਿਟੀ (ਪੁੱਡਾ) ਦੀ ਕਾਰਜਕਾਰੀ ਕਮੇਟੀ ਦੀ ਮਿਤੀ 20.4.2015 ਨੂੰ ਹੋਈ 10ਵੀਂ ਮੀਟਿੰਗ ਵਿੱਚ ਲਏ ਗਏ ਫੈਸਲਿਆਂ ਦੀ ਰੈਟੀਫਿਕੇਸ਼ਨ ਸਬੰਧੀ ।

ਕਾਰਜਕਾਰੀ ਕਮੇਟੀ ਦੀ 10ਵੀਂ ਮੀਟਿੰਗ ਦੀ ਕਾਰਵਾਈ ਅਥਾਰਿਟੀ ਵਲੋਂ ਪ੍ਰਵਾਨ ਕਰਦੇ ਹੋਏ ਅਜੰਡਾ ਆਈਟਮ ਨੰ. 10.02 ਅਤੇ 10.05 ਨੂੰ 53ਵੀਂ ਮੀਟਿੰਗ ਦੇ ਅਜੰਡਾ ਆਈਟਮ ਨੰ. 53.05 ਅਤੇ 53.06 ਤੇ ਵਿਚਾਰਿਆ ਗਿਆ।

ਚਲਦਾ ਪੰਨਾਂ...........



Scanned by TapScanner

## ਅਜੰਡਾ ਆਈਟਮ ਨੰ: 53.04

ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਿਟੀ (ਪੁੱਡਾ) ਦੀ ਕਾਰਜਕਾਰੀ ਕਮੇਟੀ ਦੀ ਮਿਤੀ 7.10.2015 ਨੂੰ ਹੋਈ 11ਵੀਂ ਮੀਟਿੰਗ ਵਿੱਚ ਲਏ ਗਏ ਫੈਸਲਿਆਂ ਦੀ ਰੈਟੀਫਿਕੇਸ਼ਨ ਸਬੰਧੀ ਅਜੰਡਾ।

ਕਾਰਜਕਾਰੀ ਕਮੇਟੀ ਦੀ 11ਵੀਂ ਮੀਟਿੰਗ ਦੀ ਕਾਰਵਾਈ ਅਥਾਰਿਟੀ ਵਲੋਂ ਪ੍ਰਵਾਨ ਕਰਦੇ ਹੋਏ ਅਜੰਡਾ ਆਈਟਮ ਨੰ. 11.05, 11.06, 11.07, 11.08 ਅਤੇ 11.10 ਨੂੰ 53ਵੀਂ ਮੀਟਿੰਗ ਦੇ ਅਜੰਡਾ ਆਈਟਮ ਨੰ. 53.07, 53.08, 53.09, 53.10 ਅਤੇ 53.11 ਤੇ ਵੱਖਰੇ ਤੌਰ ਤੇ ਵਿਚਾਰਿਆ ਗਿਆ।

## ਅਜੰਡਾ ਆਈਟਮ: 53.05

Formation of PUDA`s Employees Provident Fund Trust.

ਮੱਦ ਵਿੱਚ ਦਿੱਤੇ ਗਏ ਪ੍ਰਸਤਾਵ ਨੂੰ ਅਥਾਰਿਟੀ ਵਲੋਂ ਪ੍ਰਵਾਨਗੀ ਦਿੱਤੀ ਗਈ।

## ਸਪਲੀਮੈਂਟਰੀ ਅਜੰਡਾ।

## ਅਜੰਡਾ ਆਈਟਮ: 53.06

**Annual Report for the year 2013-14**

ਅਥਾਰਿਟੀ ਵਲੋਂ ਕਾਰਜਕਾਰੀ ਕਮੇਟੀ ਦੇ ਫੈਸਲੇ ਨੂੰ ਰੈਟੀਫਾਈ ਕਰਦੇ ਹੋਏ ਕੀਤੀ ਕਾਰਵਾਈ ਨੂੰ ਕਾਰਜ ਬਾਅਦ ਪ੍ਰਵਾਨਗੀ ਦਿੱਤੀ ਗਈ।

ਚਲਦਾ ਪੰਨਾਂ..........



Scanned by TapScanner

## ਅਜੰਡਾ ਆਾਈਟਮ: 53.07

ਮੁੱਖ ਮੰਤਰੀ ਰਾਹਤ ਕੋਸ਼ ਵਿੱਚ ਫੰਡਜ ਜਮ੍ਹਾਂ ਕਰਵਾਉਣ ਬਾਰੇ।

ਅਥਾਰਿਟੀ ਵਲੋਂ ਕਾਰਜਕਾਰੀ ਕਮੇਟੀ ਦੇ ਫੈਸਲੇ ਨੂੰ ਰੈਟੀਫਾਈ ਕਰਦੇ ਹੋਏ ਕੀਤੀ ਕਾਰਵਾਈ ਨੂੰ ਕਾਰਜ ਬਾਅਦ ਪ੍ਰਵਾਨਗੀ ਦਿੱਤੀ ਗਈ।

## ਅਜੰਡਾ ਆਾਈਟਮ: 53.08

ਪੁੱਡਾ ਵਿੱਚ ਕੰਮ ਕਰਦੇ ਮੈਸਨ ਅਤੇ ਕਾਰਪੇਂਟਰ ਨੂੰ ਹਾਇਰ ਸਕੇਲ ਦੇਣ ਸਬੰਧੀ।

ਅਥਾਰਿਟੀ ਵਲੋਂ ਕਾਰਜਕਾਰੀ ਕਮੇਟੀ ਦੇ ਫੈਸਲੇ ਨੂੰ ਰੈਟੀਫਾਈ ਕੀਤਾ ਗਿਆ।

## ਅਜੰਡਾ ਆਾਈਟਮ: 53.09

ਪੰਜਾਬ ਸਿਵਲ ਸੇਵਾਵਾਂ (ਸਜਾ ਤੇ ਅਪੀਲ) ਨਿਯਮਾਂਵਲੀ, 1970 ਅਧੀਨ ਕੀਤੀ ਜਾਂਦੀ ਪੜਤਾਲ ਲਈ ਨਿਯੁਕਤ ਕੀਤੇ ਜਾਂਦੇ ਪੜਤਾਲੀਆ ਅਫਸਰ ਨੂੰ ਦਿੱਤੀ ਜਾਣ ਵਾਲੀ ਮਾਨਭੇਟਾ ਦੀ ਰਕਮ ਬਾਰੇ।

ਅਥਾਰਿਟੀ ਵਲੋਂ ਕਾਰਜਕਾਰੀ ਕਮੇਟੀ ਦੇ ਫੈਸਲੇ ਨੂੰ ਰੈਟੀਫਾਈ ਕੀਤਾ ਗਿਆ।

## ਅਜੰਡਾ ਆਾਈਟਮ: 53.10

ਪੰਜਾਬ ਸਰਕਾਰ, ਪੰਜਾਬ ਦੇ ਬੋਰਡ, ਕਾਰਪੋਰੇਸ਼ਨਾਂ, ਪੰਜਾਬ ਅਤੇ ਹਰਿਆਣਾ ਕੋਰਟ ਵਿੱਚ ਕੰਮ ਕਰ ਰਹੇ ਕਰਮਚਾਰੀਆਂ ਅਤੇ ਪੁੱਡਾ/ਅਥਾਰਿਟੀਆਂ ਦੇ ਕਰਮਚਾਰੀਆਂ ਨੂੰ ਮਲਟੀਸਟੋਰੀ ਫਲੈਟਾਂ ਦੀ ਅਲਾਟਮੈਂਟ ਕਰਨ ਲਈ ਸਕੀਮ ਉਲੀਕਣ ਬਾਰੇ।

ਅਥਾਰਿਟੀ ਵਲੋਂ ਕਾਰਜਕਾਰੀ ਕਮੇਟੀ ਦੇ ਫੈਸਲੇ ਨੂੰ ਹੇਠ ਦੱਸੀ ਸੋਧਾਂ ਨਾਲ ਪ੍ਰਵਾਨਗੀ ਦਿੱਤੀ ਗਈ :-

ਚਲਦਾ ਪੰਨ੍ਹਾਂ..........



Scanned by TapScanner

(i) Condition No.2 ਵਿਚੋ "ਜਾਂ ਆਉਣ ਵਾਲੇ 5 ਸਾਲ ਵਿੱਚ ਰਿਟਾਇਰ ਹੋ ਰਹੇ ਹਨ" ਸ਼ਬਦ delete ਕੀਤੇ ਜਾਣ।

(ii) ਅਜੰਡਾ ਆਈਟਮ ਦੀ Condition No. 3 deputation ਦਾ ਅਰਥ Government of India ਜਾਂ ਕਿਸੇ ਹੋਰ ਪ੍ਰਾਂਤ ਤੋ ਪੰਜਾਬ ਵਿੱਚ deputation ਤੇ ਆਇਆ ਵਿਅਕਤੀ ਹੋਵੇਗਾ।

(iii) ਸਕੀਮ ਵਿੱਚ ਮਲਟੀਸਟੋਰੀ ਫਲੈਟ "No Profit No Loss" basis ਤੇ ਦੇਣ ਦੀ condition delete ਕਰ ਦਿੱਤੀ ਜਾਵੇ। ਇਸ ਸਬੰਧੀ ਅਥਾਰਿਟੀ ਵਲੋ ਨਿਰਧਾਰਤ ਰੇਟਾਂ ਤੇ ਦੇਣ ਦੀ ਕੰਡੀਸ਼ਨ ਪਾਈ ਜਾਵੇ।

(iv) ਸਕੀਮ ਵਿੱਚ ਕਰਮਚਾਰੀਆਂ ਨੂੰ ਰਿਟਾਇਰਮੈਂਟ ਦੀ ਮਿਤੀ ਅਨੁਸਾਰ priority ਦਿੱਤੀ ਜਾਵੇ ਭਾਵ ਜਿਹੜੇ ਕਰਮਚਾਰੀ ਜਲਦੀ ਰਿਟਾਇਰ ਹੋ ਰਹੇ ਹਨ ਉਨ੍ਹਾਂ ਨੂੰ priority ਦਿੱਤੀ ਜਾਵੇ।

(v) ਜਿਨ੍ਹਾਂ ਕਰਮਚਾਰੀਆਂ ਨੂੰ ਸਰਕਾਰ ਦੇ ਕਿਸੇ ਵਿਭਾਗ/ਅਜੰਸੀ ਵਲੋ ਕੋਈ ਪਲਾਟ/ਮਕਾਨ ਪੰਜਾਬ ਰਾਜ ਵਿੱਚ ਕਿਤੇ ਵੀ ਅਲਾਟ ਕੀਤਾ ਗਿਆ ਹੈ, ਉਹ ਇਸ ਸਕੀਮ ਵਿੱਚ ਅਪਲਾਈ ਕਰਨ ਲਈ ਯੋਗ ਨਹੀਂ ਹੋਣਗੇ।

## ਅਜੰਡਾ ਆਈਟਮ: 53.11

ਸਾਲ 2015-16 ਦੇ ਬਜਟ ਅਨੁਮਾਨ ਅਤੇ ਸਾਲ 2014-15 ਦੇ ਸੋਧੇ ਹੋਏ ਬਜਟ ਅਨੁਮਾਨ ਸਬੰਧੀ।

ਅਥਾਰਿਟੀ ਵਲੋ ਕਾਰਜਕਾਰੀ ਕਮੇਟੀ ਦੇ ਫੈਸਲੇ ਦੀ ਰੈਟੀਫਿਕੇਸ਼ਨ ਕੀਤੀ ਗਈ।

## ਅਜੰਡਾ ਆਈਟਮ: 53.12

ਮਕਾਨਾਂ/ਪਲਾਟਾਂ ਦੀ ਅਲਾਟਮੈਂਟ ਵਿੱਚ ਐਨ.ਆਰ.ਆਈ.ਕੋਟੇ ਅਧੀਨ ਕੀਤੀ 10% ਰਿਜਰਵੇਸ਼ਨ ਵਿਰੁੱਧ ਐਨ.ਆਰ.ਆਈ. ਕੋਟੇ ਦਾ ਨਾਮ ਅਤੇ ਪਰਿਭਾਸ਼ਾ ਤਬਦੀਲ ਕਰਨ ਬਾਰੇ- ਕਾਰਜਕਾਰੀ ਕਮੇਟੀ ਦੇ ਅਜੰਡਾ ਆਈਟਮ ਨੰ. 12.03 ਦੇ ਫੈਸਲੇ ਦੀ ਰੈਟੀਫਿਕੇਸ਼ਨ ਕਰਨ ਸਬੰਧੀ।

ਅਥਾਰਿਟੀ ਵਲੋ ਕਾਰਜਕਾਰੀ ਕਮੇਟੀ ਦੇ ਫੈਸਲੇ ਨੂੰ ਰੈਟੀਫਾਈ ਕਰਦੇ ਹੋਏ ਇਹ ਵੀ ਫੈਸਲਾ ਕੀਤਾ ਕਿ ਇਸ ਸਕੀਮ ਵਿੱਚ Persons of Punjab living outside Punjab in



Scanned by TapScanner

other states of India ਵੀ ਸ਼ਾਮਿਲ ਕੀਤੇ ਜਾਣ। ਇਸ ਵਿੱਚ ਉਹ ਪੰਜਾਬੀ ਜਿਨ੍ਹਾਂ ਦਾ ਜਨਮ ਪੰਜਾਬ ਵਿੱਚ ਹੋਇਆ ਹੋਵੇ ਜਾਂ ਜਿਨ੍ਹਾਂ ਦੇ ਮਾਤਾ/ਪਿਤਾ/ਦਾਦਾ/ਦਾਦੀ/ਨਾਨਾ/ਨਾਨੀ ਪੰਜਾਬ ਵਿੱਚ ਜਨਮੇ ਹੋਣ ਜਾਂ ਪੰਜਾਬ ਦੇ ਵਸਿਦੇਂ ਹੋਣ ਵੀ ਇਸ ਰਿਜਰਵੇਸ਼ਨ ਵਿੱਚ ਸ਼ਾਮਿਲ ਕੀਤੇ ਜਾਣਗੇ। ਜਿਸ ਸਬੰਧੀ ਦਸਤਾਵੇਜੀ ਸਬੂਤ ਭਾਵ ਉਸ ਦਾ ਜਨਮ ਸਰਟੀਫਿਕੇਟ ਜਾਂ ਉਸ ਦੇ ਮਾਤਾ/ਪਿਤਾ ਜਾਂ ਦਾਦਾ/ਦਾਦੀ/ਨਾਨਾ/ਨਾਨੀ ਦੇ ਪੰਜਾਬ ਵਿੱਚ ਜਨਮੇ ਦਾ ਸਰਟੀਫਿਕੇਟ ਜਾਂ ਉਨ੍ਹਾਂ ਦੇ ਪਾਸਪੋਰਟ, ਡਰਾਇਵਿੰਗ ਲਾਇਸੈਂਸ, ਆਰਮਜ ਲਾਇਸੈਂਸ ਜਾਂ ਅਜਿਹਾ ਹੋਰ ਕੋਈ ਦਸਤਾਵੇਜ ਹੋਵੇ ਜਿਸ ਤੋਂ ਇਹ ਪਤਾ ਲੱਗ ਸਕੇ ਕਿ ਉਹ ਭਾਰਤ ਵਿੱਚ ਪੰਜਾਬ ਰਾਜ ਦੇ ਵਸਿਦੇਂ ਰਹੇ ਹਨ, ਮੰਨਣ ਯੋਗ ਹੋਣਗੇ।

## ਅਜੰਡਾ ਆਈਟਮ: 53.13

ਰਿਹਾਇਸ਼ੀ/ਕਮਰਸ਼ੀਅਲ/ਇੰਸਟੀਟਿਊਸ਼ਨਲ ਅਤੇ ਚੰਕ ਸਾਈਟਾਂ ਨੂੰ ਬੋਲੀ ਰਾਹੀਂ ਵੇਚਣ ਸਬੰਧੀ ਨਿਰਧਾਰਤ ਕੀਤੀ ਯੋਗਤਾ ਫੀਸ ਵਿੱਚ ਸੋਧ ਕਰਨ ਬਾਰੇ- ਕਾਰਜਕਾਰੀ ਕਮੇਟੀ ਦੇ ਅਜੰਡਾ ਆਈਟਮ ਨੰ. 12.04 ਦੇ ਫੈਸਲੇ ਦੀ ਰੈਟੀਫਿਕੇਸ਼ਨ ਕਰਨ ਸਬੰਧੀ।

ਅਥਾਰਿਟੀ ਵਲੋਂ ਕਾਰਜਕਾਰੀ ਕਮੇਟੀ ਦੀ 12ਵੀਂ ਮੀਟਿੰਗ ਦੀ ਮੱਦ ਨੰ. 12.04 ਸਬੰਧੀ ਲਏ ਗਏ ਫੈਸਲੇ ਨੂੰ ਰੈਟੀਫਾਈ ਕਰਦੇ ਹੋਏ ਕੀਤੀ ਗਈ ਕਾਰਵਾਈ ਨੂੰ ਕਾਰਜਬਾਅਦ ਪ੍ਰਵਾਨਗੀ ਦਿੱਤੀ ਗਈ।

## ਅਜੰਡਾ ਆਈਟਮ: 53.14

**Auction of undeveloped sites – Exemption from Payment of Interest till possession ਬਾਰੇ- ਕਾਰਜਕਾਰੀ ਕਮੇਟੀ ਦੇ ਅਜੰਡਾ ਆਈਟਮ ਨੰ. 12.05 ਦੇ ਫੈਸਲੇ ਦੀ ਰੈਟੀਫਿਕੇਸ਼ਨ ਕਰਨ ਸਬੰਧੀ।**

ਅਥਾਰਿਟੀ ਵਲੋਂ ਕਾਰਜਕਾਰੀ ਕਮੇਟੀ ਦੀ 12ਵੀਂ ਮੀਟਿੰਗ ਦੀ ਮੱਦ ਨੰ. 12.05 ਸਬੰਧੀ ਲਏ ਗਏ ਫੈਸਲੇ ਦੀ ਰੈਟੀਫਿਕੇਸ਼ਨ ਕੀਤੀ ਗਈ।

ਚਲਦਾ ਪੰਨ੍ਹਾਂ......



Scanned by TapScanner

## ਅਜੰਡਾ ਆਈਟਮ: 53.15

Allotment of plots by auction in 24.24 Acres Canal Colony, Amritsar transferred to PUDA OUVGL Scheme ਬਾਰੇ – ਕਾਰਜਕਾਰੀ ਕਮੇਟੀ ਦੇ ਅਜੰਡਾ ਆਈਟਮ ਨੰ. 12.06 ਦੇ ਫੈਸਲੇ ਦੀ ਰੈਟੀਫਿਕੇਸ਼ਨ ਕਰਨ ਸਬੰਧੀ।

ਅਥਾਰਿਟੀ ਵਲੋਂ ਕਾਰਜਕਾਰੀ ਕਮੇਟੀ ਦੀ 12ਵੀਂ ਮੀਟਿੰਗ ਦੀ ਮੱਦ ਨੰ. 12.06 ਸਬੰਧੀ ਲਏ ਗਏ ਫੈਸਲੇ ਨੂੰ ਰੈਟੀਫਾਈ ਕਰਦੇ ਹੋਏ ਕੀਤੀ ਗਈ ਕਾਰਵਾਈ ਨੂੰ ਕਾਰਜਬਾਅਦ ਪ੍ਰਵਾਨਗੀ ਦਿੱਤੀ ਗਈ।

## ਅਜੰਡਾ ਆਈਟਮ: 53.16

1984 ਦੰਗਾ ਪੀੜਤ ਪਰਿਵਾਰਾਂ ਨੂੰ ਅਲਾਟ ਕੀਤੇ ਗਏ ਮਕਾਨਾਂ ਦੀ ਕੀਮਤ ਜਮ੍ਹਾਂ ਕਰਵਾਉਣ ਉਪਰੰਤ ਟਰਾਂਸਫਰ ਦੀ ਲਗਾਈ ਗਈ 5 ਸਾਲ ਦੀ ਸ਼ਰਤ ਅਲਾਟਮੈਂਟ ਦੀ ਮਿਤੀ ਤੋਂ ਲਾਗੂ ਕਰਨ ਬਾਰੇ- ਕਾਰਜਕਾਰੀ ਕਮੇਟੀ ਦੇ ਅਜੰਡਾ ਆਈਟਮ ਨੰ. 12.07 ਦੇ ਫੈਸਲੇ ਦੀ ਰੈਟੀਫਿਕੇਸ਼ਨ ਕਰਨ ਸਬੰਧੀ।

ਅਥਾਰਿਟੀ ਵਲੋਂ ਕਾਰਜਕਾਰੀ ਕਮੇਟੀ ਦੀ 12ਵੀਂ ਮੀਟਿੰਗ ਦੀ ਮੱਦ ਨੰ. 12.07 ਸਬੰਧੀ ਲਏ ਗਏ ਫੈਸਲੇ ਨੂੰ ਰੈਟੀਫਾਈ ਕਰਦੇ ਹੋਏ ਕੀਤੀ ਗਈ ਕਾਰਵਾਈ ਨੂੰ ਕਾਰਜਬਾਅਦ ਪ੍ਰਵਾਨਗੀ ਦਿੱਤੀ ਗਈ।

## ਅਜੰਡਾ ਆਈਟਮ: 53.17

ਪੰਜਾਬ ਰਾਜ ਵਿੱਚ ਅਣ-ਅਧਿਕਾਰਤ ਕਲੋਨੀਆਂ ਨੂੰ ਨਿਯਮਤ ਕਰਨ ਉਪਰੰਤ ਪਾਣੀ ਅਤੇ ਸੀਵਰੇਜ ਦੇ connection/user charges ਵਸੂਲਣ ਸਬੰਧੀ ਪਾਲਿਸੀ ਤਿਆਰ ਕਰਨ ਬਾਰੇ- ਕਾਰਜਕਾਰੀ ਕਮੇਟੀ ਦੇ ਅਜੰਡਾ ਆਈਟਮ ਨੰ. 12.08 ਦੇ ਫੈਸਲੇ ਦੀ ਰੈਟੀਫਿਕੇਸ਼ਨ ਕਰਨ ਸਬੰਧੀ।

ਅਥਾਰਿਟੀ ਵਲੋਂ ਕਾਰਜਕਾਰੀ ਕਮੇਟੀ ਦੀ 12ਵੀਂ ਮੀਟਿੰਗ ਦੀ ਮੱਦ ਨੰ. 12.08 ਸਬੰਧੀ ਲਏ ਗਏ ਫੈਸਲੇ ਦੀ ਰੈਟੀਫਿਕੇਸ਼ਨ ਕੀਤੀ ਗਈ।

ਚਲਦਾ ਪੰਨ੍ਹਾਂ..............



Scanned by TapScanner

## ਅਜੰਡਾ ਆਈਟਮ: 53.18

ਸਾਲ 2014-15 ਦੇ ਸਲਾਨਾ ਲੇਖੇ ਜੋਖੇ ਦੀ ਪ੍ਰਵਾਨਗੀ ਸਬੰਧੀ- ਕਾਰਜਕਾਰੀ ਕਮੇਟੀ ਦੇ ਅਜੰਡਾ ਆਈਟਮ ਨੰ. 12.09 ਦੇ ਫੈਸਲੇ ਦੀ ਰੈਟੀਫਿਕੇਸ਼ਨ ਕਰਨ ਸਬੰਧੀ।

ਅਥਾਰਿਟੀ ਵਲੋਂ ਕਾਰਜਕਾਰੀ ਕਮੇਟੀ ਦੀ 12ਵੀਂ ਮੀਟਿੰਗ ਦੀ ਮੱਦ ਨੰ. 12.09 ਸਬੰਧੀ ਲਏ ਗਏ ਫੈਸਲੇ ਦੀ ਰੈਟੀਫਿਕੇਸ਼ਨ ਕੀਤੀ ਗਈ।

## ਅਜੰਡਾ ਆਈਟਮ: 53.19

ਕੈਸ਼ਲੈਸ ਹੈਲਥ ਇੰਨਸ਼ੋਰੈਂਸ ਸਕੀਮ- ਕਾਰਜਕਾਰੀ ਕਮੇਟੀ ਦੇ ਅਜੰਡਾ ਆਈਟਮ ਨੰ. 12.10 ਦੇ ਫੈਸਲੇ ਦੀ ਰੈਟੀਫਿਕੇਸ਼ਨ ਕਰਨ ਸਬੰਧੀ।

ਅਥਾਰਿਟੀ ਵਲੋਂ ਕਾਰਜਕਾਰੀ ਕਮੇਟੀ ਦੀ 12ਵੀਂ ਮੀਟਿੰਗ ਦੀ ਮੱਦ ਨੰ. 12.10 ਸਬੰਧੀ ਲਏ ਗਏ ਫੈਸਲੇ ਦੀ ਰੈਟੀਫਿਕੇਸ਼ਨ ਕੀਤੀ ਗਈ ।

## ਅਜੰਡਾ ਆਈਟਮ: 53.20

ਸੀਨੀਅਰ ਆਰਕੀਟੈਕਟ ਦੀ ਨਵੀਂ ਅਸਾਮੀ ਰਚਨ ਸਬੰਧੀ- ਕਾਰਜਕਾਰੀ ਕਮੇਟੀ ਦੇ ਅਜੰਡਾ ਆਈਟਮ ਨੰ. 12.11 ਦੇ ਫੈਸਲੇ ਦੀ ਰੈਟੀਫਿਕੇਸ਼ਨ ਕਰਨ ਸਬੰਧੀ।

ਅਥਾਰਿਟੀ ਵਲੋਂ ਕਾਰਜਕਾਰੀ ਕਮੇਟੀ ਦੀ 12ਵੀਂ ਮੀਟਿੰਗ ਦੀ ਮੱਦ ਨੰ. 12.11 ਸਬੰਧੀ ਲਏ ਗਏ ਫੈਸਲੇ ਦੀ ਰੈਟੀਫਿਕੇਸ਼ਨ ਕੀਤੀ ਗਈ।

ਚਲਦਾ ਪੰਨ੍ਹਾਂ.........



Scanned by TapScanner

## ਅਜੰਡਾ ਆਈਟਮ: 53.21

ਜੂਨੀਅਰ ਇੰਜੀਨਅਰ (ਮਕੈਨੀਕਲ) ਅਸਾਮੀਆਂ ਦੀ ਰਚਨਾ ਕਰਨ ਬਾਰੇ- ਕਾਰਜਕਾਰੀ ਕਮੇਟੀ ਦੇ ਅਜੰਡਾ ਆਈਟਮ ਨੰ. 12.12 ਦੇ ਫੈਸਲੇ ਦੀ ਰੈਟੀਫਿਕੇਸ਼ਨ ਕਰਨ ਸਬੰਧੀ।

ਅਥਾਰਿਟੀ ਵਲੋਂ ਕਾਰਜਕਾਰੀ ਕਮੇਟੀ ਦੀ 12ਵੀਂ ਮੀਟਿੰਗ ਦੀ ਮੱਦ ਨੰ. 12.12 ਸਬੰਧੀ ਲਏ ਗਏ ਫੈਸਲੇ ਦੀ ਰੈਟੀਫਿਕੇਸ਼ਨ ਕੀਤੀ ਗਈ।

## ਅਜੰਡਾ ਆਈਟਮ: 53.22

ਪੰਜਾਬ ਵਿਧਾਨ ਸਭਾ ਦੁਆਰਾ MLA's/Ex-MLA's ਲਈ ਹਾਊਸਿੰਗ ਸੋਸਾਇਟੀ ਬਨਾਉਣ ਸਬੰਧੀ ਸਰਬ-ਸੰਮਤੀ ਨਾਲ ਪ੍ਰਵਾਨ ਕੀਤੇ ਸਰਕਾਰੀ ਮਤੇ ਅਨੁਸਾਰ ਪਲਾਟਾਂ/ਫਲੈਟਾਂ ਦੀ ਅਲਾਟਮੈਂਟ ਸਬੰਧੀ ਪਾਲਿਸੀ ਤਿਆਰ ਕਰਨ ਸਬੰਧੀ- ਕਾਰਜਕਾਰੀ ਕਮੇਟੀ ਦੇ ਅਜੰਡਾ ਆਈਟਮ ਨੰ. 12.13 ਦੇ ਫੈਸਲੇ ਦੀ ਰੈਟੀਫਿਕੇਸ਼ਨ ਕਰਨ ਸਬੰਧੀ।

ਅਥਾਰਿਟੀ ਵਲੋਂ ਮੱਦ ਨੂੰ ਪ੍ਰਵਾਨਗੀ ਦਿੰਦੇ ਹੋਏ ਫੈਸਲਾ ਕੀਤਾ ਕਿ ਇਸ ਸਕੀਮ ਵਿੱਚ ਕੇਵਲ 12ਵੀ ਅਤੇ 13ਵੀਂ ਵਿਧਾਨ ਸਭਾ ਦੇ ਮੈਂਬਰ ਅਤੇ ਪੰਜਾਬ ਵਿਚੋਂ ਚੁਣੇ ਮੌਜੂਦਾ ਲੋਕ ਸਭਾ ਅਤੇ ਮੌਜੂਦਾ ਰਾਜ ਸਭਾ ਦੇ ਮੈਂਬਰ ਹੀ ਸ਼ਾਮਿਲ ਹੋਣਗੇ।

*ਮੀਟਿੰਗ ਧੰਨਵਾਦ ਸਹਿਤ ਸਮਾਪਤ ਕੀਤੀ ਗਈ ।*

(ਪਰਕਾਸ਼ ਸਿੰਘ ਬਾਦਲ)
ਮੁੱਖ ਮੰਤਰੀ, ਪੰਜਾਬ-ਕਮ-
ਚੇਅਰਮੈਨ, ਪੁੱਡਾ।



Scanned by TapScanner